**16ਵੀਂ ਪੰਜਾਬ ਵਿਧਾਨ ਸਭਾ** **ਪੰਜਾਬ ਵਿਧਾਨ ਸਭਾ**

**ਤੇਰ੍ਹਵਾਂ ਸਮਾਗਮ, 2026** **ਬੁਲੇਟਿਨ ਨੰ: 5**

**ਸ਼ੁੱਕਰਵਾਰ, 07 ਅਗਸਤ, 2026**

(10.00 ਵਜੇ ਪੂਰਵ ਦੁਪਹਿਰ ਤੋਂ 11.59 ਵਜੇ ਪੂਰਵ ਦੁਪਹਿਰ ਤੱਕ)

**1. ਮਾਣਯੋਗ ਸਪੀਕਰ ਵੱਲੋਂ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਮਹਾਰਾਜ ਦੇ ਪਾਵਨ ਪ੍ਰਕਾਸ਼ ਦਿਵਸ ਦੇ ਮੌਕੇ ਤੇ ਵਧਾਈ ਸੰਦੇਸ਼**

ਮਾਣਯੋਗ ਸਪੀਕਰ ਵੱਲੋਂ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਮਹਾਰਾਜ ਦੇ ਪਾਵਨ ਪ੍ਰਕਾਸ਼ ਦਿਵਸ ਦੇ ਮੌਕੇ ਤੇ ਸਦਨ ਦੇ ਸਮੂਹ ਮੈਂਬਰਾਂ, ਸਮੂਹ ਦੇਸ਼ ਵਾਸੀਆਂ ਅਤੇ ਸਾਰੇ ਵਿਸ਼ਵ ਵਿੱਚ ਜਿੱਥੇ ਵੀ ਗੁਰੂ ਨਾਨਕ ਨਾਮ ਲੇਵਾ ਸੰਗਤ ਰਹਿੰਦੀ ਹੈ, ਉਨ੍ਹਾਂ ਸਾਰਿਆਂ ਨੂੰ ਵਧਾਈ ਦਿੱਤੀ।

**2. ਪ੍ਰਸ਼ਨ**

**(ੳ) ਨਿਸ਼ਾਨ ਵਾਲੇ ਪ੍ਰਸ਼ਨ :**

| ਕ੍ਰਮ ਪੱਤਰ ਤੇ ਕੁੱਲ ਪ੍ਰਸ਼ਨ | ਉੱਤਰ ਦਿੱਤੇ ਗਏ | ਪੁੱਛੇ ਨਾ ਗਏ | ਮੁਲਤਵੀ ਕੀਤੇ ਗਏ | ਨਿਯਮ 38 ਅਧੀਨ ਉੱਤਰ ਦਿੱਤੇ ਗਏ | ਅਨੁਪੂਰਕਾਂ ਦੀ ਗਿਣਤੀ |
|---|---|---|---|---|---|
| 18 | 17 | - | 1 | - | 19 |

**(ਅ) ਬਿਨਾਂ ਨਿਸ਼ਾਨ ਵਾਲੇ ਪ੍ਰਸ਼ਨ : 5**

**3. ਮਾਣਯੋਗ ਸਪੀਕਰ ਵੱਲੋਂ ਰੂਲਿੰਗ:-**

ਮਾਣਯੋਗ ਸਪੀਕਰ ਵੱਲੋਂ ਰੂਲਿੰਗ ਦਿੱਤੀ ਗਈ ਕਿ ਸਦਨ ਦਾ ਡੈਕੋਰਮ ਬਣਾ ਕੇ ਰੱਖਿਆ ਜਾਵੇ।। ਜਦੋਂ ਸਦਨ ਦੀ ਕਾਰਵਾਈ ਚੱਲ ਰਹੀ ਹੁੰਦੀ ਹੋਵੇ ਤਾਂ ਉਸ ਸਮੇਂ ਕੋਈ ਵੀ ਮੈਂਬਰ ਸਾਹਿਬਾਨ ਆਪਸ ਵਿੱਚ ਗੱਲਾਂ ਨਾ ਕਰਨ। ਜੇਕਰ ਕਿਸੇ ਨੇ ਗੱਲ ਕਰਨੀ ਹੈ ਤਾਂ ਸਦਨ ਦੇ ਪਿੱਛੇ ਬਣੇ ਕਮਰੇ ਵਿਚ ਜਾ ਕੇ ਗੱਲ ਕੀਤੀ ਜਾਵੇ।"

**4. ਮਾਣਯੋਗ ਸਪੀਕਰ ਵੱਲੋਂ ਸਦਨ ਨੂੰ ਸੂਚਨਾ ਦੇਣਾ:-**

ਮਾਣਯੋਗ ਸਪੀਕਰ ਵੱਲੋਂ ਸਦਨ ਨੂੰ ਸੂਚਿਤ ਕੀਤਾ ਗਿਆ ਕਿ ਮਹਾਨ ਸੇਵਕ ਦੀਵਾਨ ਟੋਡਰ ਮੱਲ ਜੀ ਦੀ ਇਕੋ ਇਕ ਨਿਸ਼ਾਨੀ ਜਹਾਜ਼ ਹਵੇਲੀ ਸਾਡੇ ਸ਼ਾਨਾਮੱਤੇ ਇਤਿਹਾਸ ਦਾ ਇਕ ਮੀਲ ਪੱਥਰ ਹੈ ਜੋ ਕਿ ਸਮਾਂ ਬੀਤਣ ਨਾਲ ਸੰਭਾਲ ਤੋਂ ਵਿਰਵੀ ਰਹਿਣ ਕਰਕੇ ਖੰਡਰ ਬਣਦੀ ਜਾ ਰਹੀ ਸੀ। ਇਸ ਜਹਾਜ਼ ਹਵੇਲੀ ਨੂੰ ਪੁਰਾਤਨ ਦਿੱਖ ਵਿੱਚ ਇੰਨ-ਬਿੰਨ ਤਿਆਰਕਰਨ ਦੀ ਸੇਵਾ ਦੀਵਾਨ ਟੋਡਰ ਮੱਲ ਵਿਰਾਸਤੀ ਫਾਊਂਡੇਸ਼ਨ, ਪੰਜਾਬ ਦੇ ਹਿੱਸੇ ਆਈ ਹੈ। ਇਸ ਕਾਰਜ ਵਾਸਤੇ ਮੈਂ ਸੰਸਥਾ ਦੇ ਬਾਨੀ ਸਰਦਾਰ ਗਿਆਨ ਸਿੰਘ ਸੰਧੂ ਹੋਰਾਂ ਦਾ ਬੜਾ ਧੰਨਵਾਦੀ ਹਾਂ ਕਿ ਉਨ੍ਹਾਂ ਨੇ ਬਹੁਤ ਵਧੀਆ ਭੂਮਿਕਾ ਨਿਭਾਈ ਹੈ। ਇਹ ਸੇਵਾ ਅਮਰੀਕਾ ਨਿਵਾਸੀ ਸੰਧੂ ਭਰਾਵਾਂ ਵੱਲੋਂ ਕੀਤੀ ਜਾ ਰਹੀ ਹੈ। ਸਰਦਾਰ ਸਤਨਾਮ ਸਿੰਘ ਸੰਧੂ ਅਤੇ ਸਰਦਾਰ ਕਰਨੈਲ ਸਿੰਘ ਸੰਧੂ ਵੱਲੋਂ ਇਹ ਬਹੁਤ ਹੀ ਵਧੀਆ ਇਤਿਹਾਸਕ ਕਾਰਜ ਕੀਤਾ ਜਾ ਰਿਹਾ ਹੈ। ਵਿਸ਼ੇਸ਼ ਗੱਲ ਇਹ ਹੈ ਕਿ ਇਸ ਜਹਾਜ਼ ਹਵੇਲੀ ਲਈ ਤਿੰਨ ਸਦੀਆਂ ਪਹਿਲਾਂ ਜੋ ਮਟੀਰੀਅਲ ਵਰਤਿਆ ਗਿਆ ਸੀ, ਉਸੇ ਮਟੀਰੀਅਲ ਦੀ ਹੁਣ ਵਰਤੋਂ ਕੀਤੀ ਜਾ ਰਹੀ ਹੈ। ਸੋ, ਇਤਿਹਾਸ ਨੂੰ preserve ਕਰਨ ਵਿੱਚ ਪੰਜਾਬ ਸਰਕਾਰ ਤੇ ਗੁਰੂ ਸਾਹਿਬ ਨੇ ਬਹੁਤ ਕਿਰਪਾ ਕੀਤੀ ਹੈ। ਸੋ, ਮੈਂ ਆਪ ਸਭ ਨੂੰ ਵਧਾਈ ਦੇਣਾ ਚਾਹੁੰਦਾ ਹਾਂ ਅਤੇ ਬੇਨਤੀ ਕਰਦਾ ਹਾਂ ਕਿ ਸਾਰੇ ਜਣੇ ਉਥੇ ਦਰਸ਼ਨ ਵੀ ਕਰਕੇ ਆਉਣਾ।

## 5. ਮਾਣਯੋਗ ਸਪੀਕਰ ਵੱਲੋਂ ਮਾਣਯੋਗ ਮੁੱਖ ਮੰਤਰੀ ਜੀ ਦੇ ਧਿਆਨ ਹਿਤ ਲਿਆਂਦਾ ਮਾਮਲਾ

ਮਾਣਯੋਗ ਸਪੀਕਰ ਵੱਲੋਂ ਮਾਣਯੋਗ ਮੁੱਖ ਮੰਤਰੀ ਜੀ ਦੇ ਧਿਆਨ ਵਿੱਚ ਲਿਆਂਦਾ ਗਿਆ ਕਿ 60 ਕੁ ਸਾਲਾਂ ਤੋਂ ਜ਼ਮੀਨਾਂ ਜਿਹੜੀਆਂ ਕਿ ਪੰਚਾਇਤ ਦੇ ਨਾਂ ਨਹੀਂ ਹਨ, ਪੁਰਾਣੀਆਂ ਰਿਆਸਤਾਂ ਵੇਲੇ ਦੀਆਂ ਲੋਕਾਂ ਨੂੰ ਦਿੱਤੀਆਂ ਹੋਈਆਂ ਹਨ, ਇਨ੍ਹਾਂ ਜ਼ਮੀਨਾਂ ਦੀ ਕਿਤੇ ਵੀ ਪੰਚਾਇਤ ਦੀ ਐਂਟਰੀ ਨਹੀਂ ਹੈ। ਪੰਜਾਬ ਵਿੱਚ ਕਾਫੀ ਜਗ੍ਹਾ ਤੇ ਇਹ ਜ਼ਮੀਨਾਂ ਪਈਆਂ ਹਨ, ਇਸ ਸਬੰਧੀ ਪਹਿਲਾਂ ਵੀ ਪਰਪੋਜ਼ਲ ਆਈ ਹੈ। ਪਿਛਲੀ ਸਰਕਾਰ ਨੇ ਕੁਝ ਕੁ ਪਿੰਡਾਂ ਦੀਆਂ ਜ਼ਮੀਨਾਂ ਉਨ੍ਹਾਂ ਕਾਸ਼ਤਕਾਰਾਂ ਦੇ ਨਾਂ ਕਰ ਦਿੱਤੀਆਂ ਸਨ ਜਿਹੜੇ ਕਿ ਪਿਛਲੇ 40-50 ਸਾਲ ਤੋਂ ਕਾਸ਼ਤ ਕਰ ਰਹੇ ਸਨ। ਜੇਕਰ ਤੁਸੀਂ ਇਹ ਵੀ ਕਰ ਦਿਉ ਤਾਂ ਬਹੁਤ ਵੱਡੀ ਰਾਹਤ ਹੋਵੇਗੀ। ਇਹ ਕਾਸ਼ਤਕਾਰ ਪੀੜ੍ਹੀਆਂ ਤੋਂ ਜ਼ਮੀਨਾਂ ਵਾਹੁੰਦੇ ਆ ਰਹੇ ਹਨ, ਇਹ ਜ਼ਮੀਨਾਂ ਪੰਚਾਇਤ ਦੇ ਨਾਂ ਨਹੀਂ ਹਨ ਸਗੋਂ ਸਿਰਫ ਵਿਭਾਗ ਉਨ੍ਹਾਂ ਨੂੰ ਅੱਗੇ ਤਾਰੀਕਾਂ ਦੇਈ ਜਾਂਦਾ ਹੈ। ਇਸ ਵੱਲ ਵੀ ਜ਼ਰੂਰ ਧਿਆਨ ਰੱਖਣ ਲਈ ਗੁਜ਼ਾਰਿਸ਼ ਕੀਤੀ ਗਈ।

## 6. ਧਿਆਨ ਦਿਵਾਊ ਨੋਟਿਸ

1) ਸ੍ਰੀਮਤੀ ਅਨਮੋਲ ਗਗਨ ਮਾਨ, ਐਮ.ਐਲ.ਏ ਵੱਲੋਂ ਸਰਕਾਰ ਦਾ ਧਿਆਨ ਖਰੜ ਵਿਧਾਨ ਸਭਾ ਹਲਕੇ ਵਿੱਚ ਪੈਂਦੇ ਕਮਿਊਨਿਟੀ ਹੈਲਥ ਸੈਂਟਰ (CHC), ਕੁਰਾਲੀ ਨੂੰ ਅਪਗ੍ਰੇਡ ਕਰਨ ਦੀ ਤੁਰੰਤ ਲੋੜ ਵੱਲ ਦਿਵਾਇਆ ਗਿਆ। (ਨੰ: 30)

ਜੇਲ੍ਹਾਂ ਅਤੇ ਸੰਸਦੀ ਮਾਮਲੇ ਮੰਤਰੀ ਵੱਲੋਂ ਜਵਾਬ ਦਿੱਤਾ ਗਿਆ।

2) ਸ੍ਰੀ ਰਜਨੀਸ਼ ਕੁਮਾਰ ਦਹੀਯਾ, ਐਮ.ਐਲ.ਏ, ਵੱਲੋਂ ਸਰਕਾਰ ਦਾ ਧਿਆਨ ਫਿਰੋਜ਼ਪੁਰ ਦਿਹਾਤੀ ਵਿਧਾਨ ਸਭਾ ਹਲਕੇ ਦੇ ਮਹਿਲ ਸਿੰਘ ਵਾਲਾ ਅਤੇ ਨੌਰੰਗ ਕੇ ਸਿਆਲ ਪਿੰਡਾਂ ਦੇ ਸਰਕਾਰੀ ਪ੍ਰਾਇਮਰੀ ਸਕੂਲ ਦੀਆਂ ਖਸਤਾ ਹਾਲਤ ਇਮਾਰਤਾਂ ਵੱਲ ਦਿਵਾਇਆ ਗਿਆ। (ਨੰ: 32)

ਸਿੱਖਿਆ ਮੰਤਰੀ ਵੱਲੋਂ ਜਵਾਬ ਦਿੱਤਾ ਗਿਆ।

3) ਸਰਦਾਰ ਕੁਲਵੰਤ ਸਿੰਘ ਸਿੱਧੂ, ਐਮ.ਐਲ.ਏ, ਵੱਲੋਂ ਸਰਕਾਰ ਦਾ ਧਿਆਨ ਆਤਮ ਨਗਰ, ਲੁਧਿਆਣਾ ਵਿਧਾਨ ਸਭਾ ਹਲਕੇ ਦੀਆਂ ਸੜਕਾਂ ਦੀ ਮੁੜ ਮੁਰੰਮਤ ( re-carpeting) ਵੱਲ ਦਿਵਾਇਆ ਗਿਆ। (ਨੰ: 36)

ਸਥਾਨਕ ਸਰਕਾਰ ਮੰਤਰੀ ਵੱਲੋਂ ਜਵਾਬ ਦਿੱਤਾ ਗਿਆ।

## 7. ਕੈਲਗਰੀ ਵਿੱਚ 1,500 ਅੰਤਰਰਾਸ਼ਟਰੀ ਵਿਦਿਆਰਥੀਆਂ (ਜ਼ਿਆਦਾਤਰ ਪੰਜਾਬੀ) ਦੇ ਵਰਕ ਪਰਮਿਟ ਵੱਡੀ ਪੱਧਰ 'ਤੇ ਰੱਦ ਕੀਤੇ ਜਾਣ ਦੇ ਸਬੰਧ ਵਿੱਚ ਪ੍ਰਵਾਸੀ ਭਾਰਤੀ ਮਾਮਲਿਆਂ ਦੇ ਮੰਤਰੀ ਵੱਲੋਂ ਬਿਆਨ

ਡਾ. ਰਵਜੋਤ ਸਿੰਘ, ਪ੍ਰਵਾਸੀ ਭਾਰਤੀ ਮਾਮਲੇ ਮੰਤਰੀ ਵੱਲੋਂ ਕੈਨੇਡਾ ਵਿਚ 1500 ਅੰਤਰਰਾਸ਼ਟਰੀ ਵਿਦਿਆਰਥੀਆਂ ਦੇ ਵਰਕ ਪਰਮਿਟ ਰਿਫਿਊਜ਼ਲ ਦਾ ਮਾਮਲਾ ਸਦਨ ਦੇ ਧਿਆਨ ਵਿਚ ਲਿਆਂਦਾ ਗਿਆ:-

> "ਕੈਨੇਡੀਅਨ ਸੋਆਇਲ ਦੇ ਟਾਊਨ ਕੈਲਗਿਰੀ ਵਿਚ ਤਕਰੀਬਨ 1500 ਅੰਤਰਰਾਸ਼ਟੀ ਵਿਦਿਆਰਥੀ, ਜਿਨ੍ਹਾਂ ਵਿਚੋਂ ਜ਼ਿਆਦਾਤਰ ਪੰਜਾਬੀ ਹਨ, ਧਰਨੇ ਤੇ ਬੈਠੇ ਹਨ ਕਿਉਂਕਿ ਕੈਨੇਡੀਅਨ ਫੈਡਰਲ ਸਰਕਾਰ ਦੇ ਆਈ.ਆਰ.ਸੀ.ਸੀ. ਵਿਭਾਗ ਵੱਲੋਂ ਸਾਡੇ ਬੱਚਿਆਂ ਦਾ ਵਰਕ ਪਰਮਿਟ ਦਾ ਇਕ ਮਾਸ ਰਿਫਿਊਜ਼ਲ ਕੀਤਾ ਗਿਆ ਹੈ। ਇਸ ਤਰ੍ਹਾਂ ਦੀ ਵੱਡੇ ਪੱਧਰ ਤੇ ਕੀਤੀ ਜਾਣ ਵਾਲੀ ਇਹ ਕਾਰਵਾਈ ਇਹ ਸਿਸਟਮ ਦਾ ਫੇਲੀਅਰ ਹੈ, ਕਾਲਜ ਦੇ ਪੱਧਰ ਤੇ ਗਲਤੀ ਹੈ ਜਾਂ ਪ੍ਰੋਵਿੰਸ਼ੀਅਲ ਪੱਧਰ ਤੇ ਕੋਈ ਖਾਮੀ ਹੈ ਜਾਂ ਫੈਡਰਲ ਸਰਕਾਰ ਦੇ ਪੱਧਰ ਤੇ ਕੋਈ ਗਲਤੀ ਹੋਈ ਹੈ। ਇਹ ਮੁੱਦਾ ਬਤੌਰ ਐਨ.ਆਰ.ਆਈ. ਮੰਤਰੀ ਮੇਰੇ ਧਿਆਨ ਵਿਚ ਆਇਆ ਤਾਂ ਅਸੀਂ ਇਹ ਮਾਮਲਾ ਕੇਂਦਰ ਸਰਕਾਰ ਦੀ ਮਨਿਸਟਰੀ ਆਫ਼ ਐਕਸਟਰਨਲ

ਅਫੇਅਰਜ਼ ਨਾਲ ਟੇਕਅੱਪ ਕੀਤਾ। ਅਸੀਂ ਕੇਂਦਰੀ ਐਕਸਟਰਨਲ ਅਫੇਅਰਜ਼ ਮੰਤਰੀ ਤੋਂ ਸਮਾਂ ਮੰਗਿਆ ਹੈ ਤਾਂ ਕਿ ਕੇਂਦਰ ਸਰਕਾਰ ਦੇ ਪੱਧਰ ਤੇ ਇਹ ਮਾਮਲਾ ਟੇਕਅੱਪ ਕੀਤਾ ਜਾ ਸਕੇ। ਅਸੀਂ ਮੰਗ ਕਰਦੇ ਹਾਂ ਕਿ ਉਨ੍ਹਾਂ ਵਿਦਿਆਰਥੀਆਂ ਨੂੰ ਇਨਸਾਫ਼ ਦਿੱਤਾ ਅਤੇ ਜਿਹੜੀਆਂ ਉਨ੍ਹਾਂ ਦੀਆਂ ਵਰਕ ਪਰਮਿਟ ਦੀਆਂ ਐਪਲੀਕੇਸ਼ਨਾਂ ਰਿਜੈਕਟ ਹੋਈਆਂ ਹਨ, ਉਨ੍ਹਾਂ ਨੂੰ ਰਿਵਿਊ ਕੀਤਾ ਜਾਵੇ ਅਤੇ ਇਕ ਸਿੰਪੇਥੈਟਿਕ ਐਟੀਟਿਊਡ ਅਤੇ ਸਿੰਪੇਥੈਟਿਕ ਅਪਰੋਚ ਨਾਲ ਇਹ ਮਾਮਲਾ MINISTRY OF IMMIGRATION CANADA ਅਤੇ ਪ੍ਰੋਵਿਸ਼ੀਅਲ ਸਰਕਾਰ, ਅਲਬਰਟਾ ਨਾਲ ਟੇਕਅੱਪ ਕਰਕੇ ਇਸ ਮਸਲੇ ਦਾ ਹੱਲ ਕੀਤਾ ਜਾਵੇ ਅਤੇ ਇਸ ਤਰ੍ਹਾਂ ਦਾ ਰਾਹ ਖੋਲਿਆ ਜਾਵੇ ਕਿ for the time being ਉਨ੍ਹਾਂ ਬੱਚਿਆਂ ਨੂੰ temporary resident permit ਜਾਂ ਕੋਈ conditional work permit Canadian Central Government ਵੱਲੋਂ ਦਿੱਤਾ ਜਾਵੇ। ਜਿਹੜੇ ਸਾਡੇ ਬੱਚੇ ਉੱਥੇ ਧਰਨੇ ਤੇ ਬੈਠੇ ਹਨ, ਮੈਂ ਸਦਨ ਨੂੰ, ਉਨ੍ਹਾਂ ਬੱਚਿਆਂ ਨੂੰ ਅਤੇ ਉਨ੍ਹਾਂ ਬੱਚਿਆਂ ਦੇ ਪਰਿਵਾਰਾਂ ਨੂੰ ਵਿਸ਼ਵਾਸ ਦਿਵਾਉਂਦਾ ਹਾਂ ਕਿ ਵਿਭਾਗ ਹਰ ਮੁਮਕਿਨ ਹੈਲਪ ਲਈ ਖੜ੍ਹਾ ਹੈ ਅਤੇ ਪੰਜਾਬ ਸਰਕਾਰ ਤੇ ਸਰਦਾਰ ਭਗਵੰਤ ਸਿੰਘ ਮਾਨ ਜੀ ਵੀ ਉਨ੍ਹਾਂ ਬੱਚਿਆਂ ਦੀ ਮੱਦਦ ਲਈ ਖੜ੍ਹੇ ਹਨ।"

ਡਾ. ਰਵਜੋਤ ਸਿੰਘ, ਪ੍ਰਵਾਸੀ ਭਾਰਤੀ ਮਾਮਲੇ ਮੰਤਰੀ ਉਪਰੋਕਤ ਵਿਸ਼ੇ ਤੇ 06 ਮਿੰਟਾਂ ਲਈ ਬੋਲੇ ਅਤੇ ਸ੍ਰੀ ਅਵਤਾਰ ਸਿੰਘ ਜੂਨੀਅਰ, ਐਮ.ਐਲ.ਏ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ 01 ਮਿੰਟ ਲਈ ਬੋਲੇ।

**8. ਮੇਜ਼ ਤੇ ਰੱਖੇ ਜਾਣ ਵਾਲੇ ਕਾਗਜ਼ ਪੱਤਰ**

ਸੰਸਦੀ ਮਾਮਲੇ ਮੰਤਰੀ ਨੇ ਕਾਰਜ-ਸੂਚੀ ਦੇ ਲੜੀ ਨੰ: 3 ਅਧੀਨ ਦਰਸਾਏ ਗਏ 1 ਤੋਂ 3 ਤੱਕ ਦੇ ਵਰਣਿਤ ਕਾਗਜ਼-ਪੱਤਰ ਸਦਨ ਦੀ ਮੇਜ਼ ਤੇ ਰੱਖੇ।

**9. ਵਿਧਾਨਕ ਕੰਮ-ਕਾਰ**

**1) ਪੰਜਾਬ ਕਾਮਨ ਇਨਫਰਾਸਟ੍ਰਕਚਰ (ਰੈਗੂਲੇਸ਼ਨ ਐਂਡ ਮੇਨਟੇਨੈਂਸ) ਸੋਧ ਬਿਲ, 2026**

ਉਦਯੋਗ ਤੇ ਵਣਜ ਅਤੇ ਨਿਵੇਸ਼ ਪ੍ਰੋਤਸਾਹਨ ਮੰਤਰੀ ਵੱਲੋਂ ਮਿਤੀ 03 ਅਗਸਤ 2026 ਨੂੰ ਪੇਸ਼ ਕੀਤਾ ਪੰਜਾਬ ਕਾਮਨ ਇਨਫਰਾਸਟ੍ਰਕਚਰ (ਰੈਗੂਲੇਸ਼ਨ ਐਂਡ ਮੇਨਟੇਨੈਂਸ) ਬਿਲ, 2026 ਨੂੰ ਸੋਮਵਾਰ ਮਿਤੀ 10 ਅਗਸਤ, 2026 ਨੂੰ ਟੇਕ-ਅਪ ਕਰਨ ਦਾ ਫੈਸਲਾ ਹੋਇਆ।

**2) ਪੰਜਾਬ ਰੈਗੂਲੇਸ਼ਨ ਆਫ਼ ਫੀਸ ਆਫ਼ ਅਨ-ਏਡਿਡ ਐਜੂਕੇਸ਼ਨਲ ਇੰਸਟੀਚਿਊਸ਼ਨਜ਼ (ਸੋਧ) ਬਿਲ, 2026**

ਸਿੱਖਿਆ ਮੰਤਰੀ ਨੇ ਪੰਜਾਬ ਰੈਗੂਲੇਸ਼ਨ ਆਫ਼ ਅਨ-ਏਡਿਡ ਐਜੂਕੇਸ਼ਨਲ ਇੰਸਟੀਚਿਊਸ਼ਨਜ਼ (ਸੋਧ) ਬਿਲ, 2026 ਪੇਸ਼ ਕੀਤਾ।

**10. ਮਾਣਯੋਗ ਸਪੀਕਰ ਵੱਲੋਂ ਸਵਾਗਤੀ ਐਲਾਨ**

ਮਾਣਯੋਗ ਸਪੀਕਰ ਵੱਲੋਂ ਵੱਖ-ਵੱਖ ਸਮੇਂ ਤੇ ਨਿਮਨਲਿਖਤ ਦੇ ਹਾਜ਼ਰ ਹੋਣ ਬਾਰੇ ਸਦਨ ਨੂੰ ਜਾਣੂੰ ਕਰਵਾਇਆ ਗਿਆ ਅਤੇ ਸਮੂਹ ਸਦਨ ਵੱਲੋਂ ਉਨ੍ਹਾਂ ਨੂੰ ਜੀ ਆਇਆਂ ਆਖਿਆ ਗਿਆ-

1. ਹਨੀ ਡਿਊ ਪਬਲਿਕ ਸਕੂਲ, ਸੰਨੀ ਐਨਕਲੇਵ, ਮੁੰਡੀ ਖਰੜ, ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਮੋਹਾਲੀ) ਦੇ ਵਿਦਿਆਰਥੀ;
2. ਲਾਇਲਪੁਰ ਖਾਲਸਾ ਕਾਲਜ, ਮੋਹਿਆਲ ਨਗਰ, ਜੀ.ਟੀ ਰੋਡ, ਜਲੰਧਰ ਦੇ ਵਿਦਿਆਰਥੀ ;
3. ਮੇਅਰ ਵਰਲਡ ਸਕੂਲ, ਅਰਬਨ ਅਸਟੇਟ, ਫੇਜ਼ 1, ਜਲੰਧਰ ਦੇ ਵਿਦਿਆਰਥੀ।

ਉਪਰੰਤ, ਸਦਨ ਸੋਮਵਾਰ ਮਿਤੀ 10 ਅਗਸਤ, 2026 ਦੇ 11.00 ਵਜੇ ਪੂਰਵ ਦੁਪਹਿਰ ਤੱਕ ਸਥੱਗਿਤ ਹੋ ਗਿਆ।

**ਚੰਡੀਗੜ੍ਹ** | **ਰਾਮ ਲੋਕ ਖਟਾਣਾ,**
**07 ਅਗਸਤ, 2026** | **ਸਕੱਤਰ**